ISSN-0971-8354

# ਯੋਜਨਾ

ਨਵੰਬਰ 2014 ਇਕ ਵਿਕਾਸ ਮਾਸਿਕ ₹10

## ਤਕਨਾਲੋਜੀ, ਨਵੀਂ ਕਾਢ ਤੇ ਗਿਆਨ ਆਰਥਿਕਤਾ


ਭਾਰਤ ਵਿਚ ਉੱਚ ਤਕਨਾਲੋਜੀ ਉਦਯੋਗਾਂ ਦਾ ਵਿਕਾਸ
ਸੁਨੀਲ ਮਨੀ

ਛੋਟੇ ਤੇ ਦਰਮਿਆਨੇ ਨਿਰਮਾਣ ਖੇਤਰ 'ਚ ਤਕਨਾਲੋਜੀਕਲ ਕਾਢਾਂ
ਮੁਕਾਬਲੇਬਾਜ਼ੀ ਦਾ ਫ਼ੈਸਲਾਕੁਨ ਜ਼ਰੀਆ
ਐਮ ਐਚ ਬਾਲਾ ਸੁਬਰਾਮਨੀਆ

ਨਵੀਂ ਕਾਢ ਅਤੇ ਵਿਸ਼ਵੀਕਰਨ
ਵੀ.ਵੀ. ਕ੍ਰਿਸ਼ਨਾ

ਫੋਕਸ
ਹੱਥੀ ਮੈਲਾ ਚੁੱਕਣਾ-ਢੋਣਾ
ਅੰਮ੍ਰਿਤ ਪਟੇਲ

ਵਿਸ਼ੇਸ਼ ਲੇਖ
ਈ-ਕਬਾੜ ਦਾ ਦੇਸੀ ਸੂਖਮਜੀਵੀ ਪ੍ਰਕਿਰਿਆਵਾਂ ਦੁਆਰਾ ਪ੍ਰਬੰਧਨ
ਐਮ ਐਚ ਫੁਲੇਕਰ ਤੇ ਭਾਵਨਾ ਪਾਠਕ






# ਸੰਪਾਦਕੀ

**ਨਵੀ ਕਾਢ ਦਾ ਲੋਕਤੰਤਰੀਕਰਨ**

ਉਨ੍ਹਾਂ ਬਹੁਤ ਸਾਰੇ ਤੱਤਾਂ ਜਿਨ੍ਹਾਂ ਨੇ ਮਾਨਵ ਸੱਭਿਅਤਾ ਨੂੰ ਪ੍ਰਭਾਵਤ ਕੀਤਾ ਹੈ, ਉਨ੍ਹਾਂ ਵਿਚੋਂ ਅਗਨੀ ਦੀ ਭੂਮਿਕਾ ਕਿਸੇ ਜਾਣ-ਪਛਾਣ ਦੀ ਮੁਥਾਜ ਨਹੀ। ਪਰ, ਕਹਿ ਸਕਦੇ ਹਾਂ ਕਿ ਅੱਗ ਦੀ ਸਿਰਫ਼ ਮਨੁੱਖ ਵਲੋਂ ਹੀ ਕਾਢ ਕੱਢੀ ਗਈ ਸੀ ਕਿਉਂਕਿ ਇਹ ਕੁਦਰਤ ਦਾ ਇਕ ਹਿੱਸਾ ਹੈ ਅਤੇ ਮਨੁੱਖ ਦਾ ਅਚਨਚੇਤ ਇਸ ਨਾਲ ਸਾਹਮਣਾ ਹੋਇਆ ਹੋਵੇਗਾ। ਪਰ ਸੀਉਣ ਲਈ ਸੂਈ ਬਾਰੇ ਕੀ ਖ਼ਿਆਲ ਹੈ? ਅਸੀਂ ਆਮ ਤੌਰ ਤੇ ਅਹਿਸਾਸ ਨਹੀ ਕਰਦੇ ਕਿ ਸੀਉਣ ਵਾਲੀ ਸੂਈ ਮਨੁੱਖ ਵਲੋਂ ਸਿਰਜਤ 'ਤਕਨਾਲੋਜੀਆਂ' ਵਿਚੋਂ ਸਭ ਤੋਂ ਪੁਰਾਣੀ ਅਤੇ ਮਹੱਤਵਪੂਰਨ ਤਕਨਾਲੋਜੀ ਹੈ। ਸੀਉਣ ਵਾਲੀ ਸੂਈ ਨੇ ਮਨੁੱਖ ਨੂੰ ਜਾਨਵਰਾਂ ਦਾ ਚਮੜਾ ਸੀਉਣ ਅਤੇ ਲੱਕੜ ਦੀਆਂ ਗੇਲੀਆਂ ਨਾਲ ਰੀਢ ਬੰਨ੍ਹ ਕੇ ਪਹਿਲੀ ਕਿਸ਼ਤੀ ਬਣਾਉਣ ਦੀ ਸਮਰੱਥਾ ਦਿਤੀ ਜਿਸ ਨਾਲ ਉਹ ਸਮੁੰਦਰਾਂ ਨੂੰ ਗਾਹ ਕੇ ਨਵੀਆਂ ਧਰਤੀਆਂ ਖੋਜ ਸਕੇ। ਇਸ ਸੂਈ ਨੇ ਮਨੁੱਖਾਂ ਨੂੰ ਚਮੜੇ ਦੀਆਂ ਤਹਿਆਂ ਨੂੰ ਆਪਸ ਵਿਚ ਜੋੜ ਕੇ ਸੀਉਣ ਦੀ ਜੁਗਤ ਵੀ ਸਿਖਾਈ ਤੇ ਉਸ ਲਿਬਾਸ ਨੂੰ ਪਹਿਨ ਕੇ ਉਹ ਕਿਸੇ ਜਗ੍ਹਾ ਦੇ ਅਤਿ ਠੰਢੇ ਮੌਸਮ ਤੋਂ ਆਪਣੇ ਆਪ ਨੂੰ ਬਚਾਉਣ ਦੇ ਕਾਬਲ ਹੋਵੇ। ਇਕ ਤਰ੍ਹਾਂ ਨਾਲ, ਸੂਈ ਨੇ ਮਨੁੱਖਾਂ ਦੇ ਨਵੇਂ ਖੇਤਰਾਂ ਵਿਚ ਜਾਣ ਅਤੇ ਕੁਦਰਤ ਨੂੰ ਆਬਾਦ ਕਰਨ ਦੀ ਨੀਂਹ ਰੱਖ ਦਿਤੀ। ਇਹ ਉਦਾਹਰਣ ਮਨੁੱਖੀ ਸੱਭਿਅਤਾ ਦੀ ਉਤਪਤੀ ਸੰਬੰਧੀ ਗਿਆਨ ਅਤੇ ਤਕਨਾਲੋਜੀ ਦੀ ਭੂਮਿਕਾ 'ਤੇ ਇਕ ਝਾਤ ਪੁਆਉਂਦੀ ਹੈ। ਅੱਗ, ਪੱਥਰ ਦੇ ਸੰਦ, ਚੱਕੀ, ਭਾਫ਼ ਵਾਲੇ ਇੰਜਣ, ਛਪਾਈ ਮਸ਼ੀਨਾਂ, ਮਾਈਕਰੋਚਿਪ ਅਤੇ ਅਜਿਹੀਆਂ ਹੋਰ ਬਹੁਤ ਸਾਰੀਆਂ ਉਦਾਹਰਣਾਂ ਸਾਡੇ ਸਾਹਮਣੇ ਹਨ ਜੋ ਸਮਾਜ ਲਈ ਗਿਆਨ, ਨਵੀ ਕਾਢ ਅਤੇ ਤਕਨਾਲੋਜੀ ਦੀ ਅਹਿਮ ਭੂਮਿਕਾ ਨੂੰ ਉਜਾਗਰ ਕਰਦੀਆਂ ਹਨ। ਬੇਸ਼ੱਕ, ਮਨੁੱਖ ਸਮਾਜ ਦੇ ਵਿਕਾਸ ਦੇ ਝੁਕਾਅ ਵਾਲੇ ਨੁਕਤਿਆਂ ਦੇ ਗਿਆਨ ਅਤੇ ਤਕਨਾਲੋਜੀ ਦੇ ਅਜਿਹੇ ਮੀਲ ਪੱਥਰਾਂ ਨਾਲ ਭਰੇ ਪਏ ਹਨ।

ਨੋਬਲ ਇਨਾਮ ਜੇਤੂ ਜੋਸਫ ਸਟਿਗਲਿਟਜ਼ ਨੇ ਆਪਣੇ ਸਹਿ-ਲੇਖਕ ਬਰੂਸ ਸੀ. ਗ੍ਰੀਨਵਾਲਡ ਨਾਲ ਇਸ ਸੋਚ ਨੂੰ ਹੋਰ ਅੱਗੇ ਤੋਰਿਆ ਹੈ। ਹਾਲ ਹੀ ਵਿਚ ਪ੍ਰਕਾਸ਼ਿਤ ਹੋਈ ਉਨ੍ਹਾਂ ਦੀ ਕਿਤਾਬ 'ਕਰੀਏਟਿੰਗ ਏ ਲਰਨਿੰਗ ਸੋਸਾਇਟੀ' ਵਿਚ ਉਨ੍ਹਾਂ ਦਲੀਲ ਦਿਤੀ ਹੈ ਕਿ ਵੱਖ-ਵੱਖ ਦੇਸ਼ਾਂ ਦੀ ਵਿਕਾਸ ਕਾਰਗੁਜ਼ਾਰੀ ਵਿਚ ਅੰਤਰ ਦਾ ਕਾਰਨ ਉਨ੍ਹਾਂ ਦੀ ਸਿੱਖਣ ਦੀ ਸਮਰੱਥਾ ਹੈ ਨਾ ਕਿ ਸਿਰਫ਼ ਪੂੰਜੀ ਦਾ ਇਕੱਤਰੀਕਰਨ। ਕਿਤਾਬ ਇਸ਼ਾਰਾ ਕਰਦੀ ਹੈ ਕਿ ਸੰਨ 1800 ਦੇ ਆਸ ਪਾਸ ਪੱਛਮੀ ਆਰਥਿਕਤਾਵਾਂ ਅੰਦਰ 'ਸਿੱਖਣ ਵਾਲੇ ਸਮਾਜ' ਵੱਲ ਪਰਿਵਰਤਨ ਦਾ ਆਰਥਿਕਤਾ ਨੂੰ ਪ੍ਰਭਾਵਿਤ ਕਰਨ ਵਾਲੇ ਦੂਸਰੇ ਤੱਤਾਂ ਦੇ ਮੁਕਾਬਲੇ ਲੋਕ ਭਲਾਈ 'ਤੇ ਜ਼ਿਆਦਾ ਗਹਿਰਾ ਪ੍ਰਭਾਵ ਪਿਆ। ਉਨ੍ਹਾਂ ਦੁਆਰਾ ਪੇਸ਼ ਕੀਤੇ ਗਏ 'ਸਿੱਖਣ ਵਾਲੇ ਸਮਾਜ ਦੇ ਦ੍ਰਿਸ਼ਟੀਕੋਣ' ਦੇ ਆਰਥਿਕ ਵਿਕਾਸ ਦੇ ਇਤਿਹਾਸ ਨੂੰ ਸਮਝਣ ਅਤੇ ਗਿਆਨ ਵਾਲੇ ਸਮਾਜ ਲਈ ਨੀਤੀਗਤ ਢਾਂਚਾ ਤਿਆਰ ਕਰਨ ਤੇ ਮਹੱਤਵਪੂਰਨ ਅਸਰ ਪਏ। ਪਰ, ਜ਼ਿਆਦਾ ਮਹੱਤਵਪੂਰਨ ਸਵਾਲ ਗਿਆਨ ਪੈਦਾ ਕਰਨ ਵਾਲੀ ਜਟਿਲ ਪ੍ਰਕਿਰਿਆ ਨੂੰ ਸਮਝਣਾ, ਜਿਹੜੀਆਂ ਤਾਕਤਾਂ ਸੰਰਚਨਾ ਨੂੰ ਪ੍ਰੋਤਸਾਹਿਤ ਕਰਦੀਆਂ ਹਨ ਅਤੇ ਆਰਥਿਕਤਾ ਵਿਚ ਤਕਨੀਕੀ ਵਿਕਾਸ ਨੂੰ ਹੁਲਾਰਾ ਦਿੰਦੀਆਂ ਹਨ, ਉਨ੍ਹਾਂ ਨੂੰ ਸਮਝਣਾ ਹੈ।

ਕੈਨੇਥ ਜੇ. ਐਰੋ ਆਪਣੀ ਮੌਲਿਕ ਰਚਨਾ (ਲਰਨਿੰਗ ਵਾਈਲ ਡੂਇੰਗ) ਵਿਚ ਖ਼ਾਸ ਕਰ ਇਸ਼ਾਰਾ ਕਰਦਾ ਹੈ ਕਿ ਗਿਆਨ ਉਤਪੰਨ ਕਰਨ ਦੀ ਪ੍ਰਕਿਰਿਆ, ਜੋ ਖੋਜ ਅਤੇ ਤਕਨੀਕੀ ਵਿਕਾਸ ਦੀ ਨੀਂਹ ਰੱਖਦੀ ਹੈ, ਦੂਜੀਆਂ ਵਸਤਾਂ ਤੋਂ ਬਿਲਕੁਲ ਅਲੱਗ ਹੁੰਦੀ ਹੈ ਕਿਉਂਕਿ ਜਾਣਕਾਰੀ ਇਕ ਜਨਤਕ ਚੀਜ਼ ਹੈ ਜਿਸ ਵਿਚ ਚੋਖੀ ਮਾਤਰਾ ਵਿਚ ਫੈਲ ਜਾਣਾ ਅਤੇ ਬਾਹਰੀਪਨ ਸਮਾਇਆ ਹੋਇਆ ਹੈ। ਇਸ ਕਰਕੇ, ਉਹ ਦਲੀਲ ਦਿੰਦਾ ਹੈ, ਕਿ ਇਹ ਅਕਲਮੰਦੀ ਨਹੀ ਕਿ ਗਿਆਨ ਦਾ ਉਤਪਾਦਨ ਅਤੇ ਫੈਲਾਅ ਸਿਰਫ਼ ਬਾਜ਼ਾਰ ਦੀਆਂ ਤਾਕਤਾਂ 'ਤੇ ਹੀ ਛੱਡ ਦਿਤਾ ਜਾਵੇ। ਬੇਸ਼ੱਕ, ਬਾਜ਼ਾਰ ਆਪਣੇ ਆਪ ਵਿਚ ਖੋਜ ਨੂੰ ਉਤਸਾਹਿਤ ਕਰਨ ਵਿਚ ਨਿਪੁੰਨ ਨਹੀ ਹਨ ਕਿਉਂਕਿ ਉਹ ਤਰੁੱਟੀਪੂਰਨ ਹਨ ਅਤੇ ਗਿਆਨ ਦਾ ਅਸਾਵਾਂਪਨ ਹੈ। ਇਸੇ ਸਮਝ ਦੇ ਮੁਤਾਬਕ ਹੀ ਭਾਰਤ ਨੇ ਸਿੱਖਿਆ ਅਤੇ ਵਿਗਿਆਨਕ ਸੰਸਥਾਨਾਂ ਜਿਵੇਂ ਆਈ ਆਈ ਟੀਜ਼, ਸੀ ਐੱਸ ਆਈ ਆਰ, ਇਸਰੋ, ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ, ਆਈ ਆਈ ਐੱਮ, ਆਈ ਸੀ ਏ ਆਰ, ਵਿਸ਼ਵਵਿਦਿਆਲਿਆਂ ਦਾ ਇਕ ਵਿਸ਼ਾਲ ਅਤੇ ਬਹੁ-ਪਰਤੀ ਜਾਲ ਵਿਛਾਇਆ ਹੈ ਤਾਂ ਜੋ ਆਪਣੇ ਆਪ ਨੂੰ ਭਵਿੱਖ ਲਈ ਤਿਆਰ ਕੀਤਾ ਜਾ ਸਕੇ।

ਇਹ ਗਿਆਨ ਦੇ ਸੰਸਥਾਨਾਂ ਦੇ ਨੈੱਟਵਰਕ ਦੀ ਇਕ ਗਵਾਹੀ ਹੈ ਕਿ ਭਾਰਤ ਨੇ ਇੰਜੀਨੀਅਰਿੰਗ, ਤਕਨੀਕ, ਡਾਕਟਰੀ ਖੋਜ, ਸੂਚਨਾ ਤਕਨਾਲੋਜੀ ਸੇਵਾਵਾਂ ਅਤੇ ਗਿਆਨ ਵਾਲੇ ਹੋਰ ਬਹੁਤ ਸਾਰੇ ਖੇਤਰਾਂ ਵਿਚ ਪ੍ਰਮੁੱਖਤਾ ਹਾਸਲ ਕਰ ਲਈ ਹੈ। ਹੈਪੇਟਾਈਟਿਸ ਬੀ ਟੀਕੇ ਵਰਗੀਆਂ ਸਸਤੀਆਂ ਖੋਜਾਂ, ਬਹੁਤ ਸਾਰੀਆਂ ਜੈਨਰਿਕ ਦਵਾਈਆਂ, ਜੈਪੁਰ ਫੁਟ, ਬਹੁਤ ਸਸਤੇ ਦਿਲ ਦੇ ਅਪਰੇਸ਼ਨ, ਬਹੁਤ ਘੱਟ ਲਾਗਤ ਵਾਲਾ ਮੰਗਲ ਮਿਸ਼ਨ ਸਫਲਤਾ ਦੇ ਇਸ ਮਾਡਲ ਦੇ ਸੂਚਕ ਵਜੋਂ ਵੇਖੇ ਜਾਂਦੇ ਹਨ। ਪਰ ਦੁਨੀਆਂ ਬਹੁਤ ਤੇਜ਼ੀ ਨਾਲ ਬਦਲ ਰਹੀ ਹੈ ਅਤੇ ਜਦੋਂ ਗੱਲ 'ਗਿਆਨ ਦੇ ਕੇਂਦਰਾਂ' ਅਤੇ 'ਖੋਜ ਦੀਆਂ ਧੁਰੀਆਂ' ਨਾਲ ਸਾਰੇ ਵਿਸ਼ਵ ਵਿਚ ਮੁਕਾਬਲਾ ਕਰਨ ਦੀ ਆ ਜਾਵੇ ਤਾਂ ਭਾਰਤ ਸਿਰਫ਼ ਇਨ੍ਹਾਂ ਸਨਮਾਨਾਂ ਦੇ ਸਿਰ 'ਤੇ ਹੀ ਨਹੀ ਬੈਠਾ ਰਹਿ ਸਕਦਾ। ਹੁਣ ਜਿਵੇਂ ਭਾਰਤ ਵਿਸ਼ਵੀਕ੍ਰਿਤ ਅਤੇ ਪ੍ਰਸਪਰ ਜੁੜੀ ਹੋਈ ਦੁਨੀਆਂ ਦੇ ਇਸ ਯੁਗ ਵਿਚ ਮਹੱਤਵਕਾਂਸ਼ੀ ਯਾਤਰਾ ਲਈ ਨਿਕਲ ਪਿਆ ਹੈ, ਤਾਂ ਅਜਿਹਾ ਵਾਤਾਵਰਨ ਬਣਾਉਣ ਦੀ ਲੋੜ ਹੈ ਜਿਥੇ ਹਰ ਇਕ ਵਿਅਕਤੀ ਗਿਆਨ ਪੈਦਾ ਕਰਨ ਦਾ ਇਕ ਸੋਮਾ ਹੋਵੇ। ਸ਼ਾਇਦ ਇਹੀ ਸਮਾਂ ਹੈ ਜਦੋਂ ਹਰੇਕ ਘਰ ਨੂੰ 'ਨਵੀ ਕਾਢ' ਦਾ ਸਰੋਤ ਬਣਾਇਆ ਜਾਵੇ, ਮਤਲਬ ਕਾਢ ਦਾ ਇਕ ਅਜਿਹਾ ਸਰੋਤ ਜਿਸ ਦੀਆਂ ਮੁਢਲੀਆਂ ਜੜ੍ਹਾਂ ਬਾਜ਼ਾਰ ਵਿਚ ਇਕਦਮ ਮੁਢਲੇ ਪੱਧਰ 'ਤੇ ਹੋਣ ਜੋ ਬਾਅਦ ਵਿਚ ਨਿਰੰਤਰ ਅਗਾਂਹ ਵਧਦਾ ਜਾਵੇ, ਆਖਿਰ ਨੂੰ ਸਥਾਪਿਤ ਮੁਕਾਬਲੇਬਾਜ਼ੀ ਨੂੰ ਮੈਦਾਨ ਵਿਚੋਂ ਹਟਣ ਲਈ ਮਜਬੂਰ ਕਰ ਦੇਵੇ। ਬੇਸ਼ੱਕ, ਗੈਰ-ਰਸਮੀ ਖੋਜਾਂ ਅਤੇ ਦੇਸੀ, ਰਵਾਇਤੀ ਤਕਨੀਕੀ ਇਸ ਪ੍ਰਕਿਰਿਆ ਦਾ ਜੈਵਿਕ ਭਾਗ ਹੋਣੇ ਚਾਹੀਦੇ ਹਨ। ਇਹ ਤਾਂ ਹੀ ਸੰਭਵ ਹੈ ਜੇ ਅਸੀ ਨਵੀ ਕਾਢ ਦਾ ਲੋਕਤੰਤਰੀਕਰਨ ਕਰ ਦਈਏ।

**– ਮੁੱਖ ਸੰਪਾਦਕ**

# ਸੰਸਦ ਮੈਂਬਰਾਂ ਵਲੋਂ ਪਿੰਡ ਅਪਣਾਉਣ ਦੀ ਯੋਜਨਾ

ਪ੍ਰਧਾਨ ਮੰਤਰੀ ਵਲੋਂ ਹਾਲ ਹੀ ਵਿਚ ਸੰਸਦ ਮੈਂਬਰਾਂ ਲਈ ਪਿੰਡ ਅਪਣਾਉਣ ਦੀ ਯੋਜਨਾ ਸ਼ੁਰੂ ਕੀਤੀ ਗਈ ਸੀ। ਸੰਸਦ ਆਦਰਸ਼ ਗ੍ਰਾਮ ਯੋਜਨਾ (ਐੱਸ ਏ ਜੀ ਵਾਈ) ਤਹਿਤ ਸੰਸਦ ਦੇ ਦੋਹਾਂ ਸਦਨਾਂ ਦੇ ਮੈਂਬਰਾਂ ਵਲੋਂ ਆਪਣੇ ਸੰਸਦੀ ਖੇਤਰ ਵਿਚ ਇਕ ਪਿੰਡ, ਜਿਸ ਦੀ ਮੈਦਾਨੀ ਇਲਾਕਿਆਂ ਵਿਚ ਆਬਾਦੀ 3000 ਤੋਂ 5000 ਹੋਵੇ ਅਤੇ ਪਹਾੜੀ ਇਲਾਕਿਆਂ ਵਿਚ 1000 ਤੋਂ 3000 ਹੋਵੇ, ਦੀ ਪਛਾਣ ਕਰਕੇ ਉਸ ਦਾ 2016 ਤਕ ਮਾਡਲ ਪਿੰਡ ਦੇ ਤੌਰ ਤੇ ਵਿਕਾਸ ਕਰਨਾ ਹੈ ਅਤੇ 2 ਹੋਰ ਪਿੰਡਾਂ ਦਾ 2019 ਤਕ ਵਿਕਾਸ ਕਰਨਾ ਹੈ। ਇਹ ਕੋਈ ਰੁਪਿਆ-ਪੈਸਾ ਯੋਜਨਾ ਨਹੀ ਹੈ ਸਗੋਂ ਮੰਗ ਆਧਾਰਤ ਲੋਕਾਂ ਦੀ ਸ਼ਮੂਲੀਅਤ ਵਾਲੀ ਯੋਜਨਾ ਹੈ। 800 ਸੰਸਦ ਮੈਂਬਰ ਹਨ ਅਤੇ ਤਿੰਨ ਸਾਲਾਂ ਵਿਚ 2500 ਪਿੰਡਾਂ ਵਿਚ ਵਿਕਾਸ ਹੋ ਸਕਦਾ ਹੈ। ਜੇ ਰਾਜ ਵੀ ਆਪਣੇ ਵਿਧਾਨ ਸਭਾ ਮੈਂਬਰਾਂ ਲਈ ਅਜਿਹੀਆਂ ਯੋਜਨਾਵਾਂ ਸ਼ੁਰੂ ਕਰ ਦੇਣ ਤਾਂ 6000 ਤੋਂ 7000 ਪਿੰਡ ਇਸ ਯੋਜਨਾ ਤਹਿਤ ਲਿਆਂਦੇ ਜਾ ਸਕਦੇ ਹਨ।

ਇਸ ਯੋਜਨਾ ਅਨੁਸਾਰ, ਸੰਸਦ ਮੈਂਬਰਾਂ ਵਲੋਂ ਪਿੰਡ ਵਿਕਾਸ ਯੋਜਨਾ ਬਣਾਉਣ ਦੀ ਆਸ ਕੀਤੀ ਜਾਂਦੀ ਹੈ, ਪਿੰਡ ਦੇ ਲੋਕਾਂ ਨੂੰ ਕਾਰਜਾਂ ਲਈ ਉਤਸਾਹਤ ਕਰਨਾ ਹੋਵੇਗਾ ਤੇ ਉਨ੍ਹਾਂ ਵਲੋਂ ਆਪਣੇ 5 ਕਰੋੜ ਰੁਪਏ ਦੇ ਸਥਾਨਕ ਖੇਤਰ ਵਿਕਾਸ ਫੰਡ ਵਿਚੋਂ, ਵਿਕਾਸ ਕਾਰਜਾਂ ਲਈ ਫੰਡਾਂ ਦੀ ਕਮੀ ਦੀ ਪੂਰਤੀ ਕਰਨੀ ਹੋਵੇਗੀ। ਇਹ ਉਨ੍ਹਾਂ ਵਲੋਂ ਖਾਸ ਤੌਰ ਤੇ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਅੱਧੀ ਸੀਵੇਜ ਅਤੇ ਪਾਣੀ ਸਪਲਾਈ ਸਕੀਮਾਂ ਲਈ ਇਕੱਠੇ ਕੀਤੇ ਸਰਮਾਏ ਤੋਂ ਅਲਗ ਹੋਵੇਗਾ।

ਇਸ ਯੋਜਨਾ ਤਹਿਤ ਸਮੁੱਚੇ ਵਿਕਾਸ ਲਈ ਚਾਰ ਬੁਨਿਆਦੀ ਮਾਪਦੰਡਾਂ ਦਾ ਪ੍ਰਸਤਾਵ ਹੈ ਜੋ ਹਨ ਨਿੱਜੀ, ਮਾਨਵੀ, ਆਰਥਿਕ ਅਤੇ ਸਮਾਜਿਕ। ਨਿੱਜੀ ਮਾਪਦੰਡ ਵਿਚ ਸ਼ਾਮਿਲ ਹੋਵੇਗੀ ਸਾਫ-ਸਫਾਈ, ਸਭਿਆਚਾਰਕ ਵਿਰਸਾ ਅਤੇ ਵਤੀਰੇ ਵਿਚ ਤਬਦੀਲੀ, ਮਾਨਵੀ ਮਾਪਦੰਡ ਵਿਚ ਸ਼ਾਮਿਲ ਹੋਵੇਗੀ ਸਿੱਖਿਆ, ਸਿਹਤ, ਖੁਰਾਕ ਅਤੇ ਸਮਾਜਿਕ ਸੁਰੱਖਿਆ, ਆਰਥਿਕ ਪੱਖੋ ਵਿਕਾਸ ਸੰਕੇਤਕ ਹੋਣਗੇ ਰੋਜ਼ੀ-ਰੋਟੀ, ਮੁਹਾਰਤ, ਵਿੱਤੀ ਸਮਾਵੇਸ਼, ਬੁਨਿਆਦੀ ਸਹੂਲਤਾਂ। ਸੇਵਾਵਾਂ ਸਮਾਜਿਕ/ ਮਾਪਦੰਡ ਹੋਣਗੇ ਸਵੈ-ਇੱਛਤ ਸੇਵਾ, ਸਮਾਜਿਕ ਕਦਰਾਂ ਕੀਮਤਾਂ/ਆਚਾਰ ਵਿਵਹਾਰ, ਸਮਾਜਿਕ ਨਿਆਂ ਅਤੇ ਚੰਗਾ ਸ਼ਾਸਨ। ਇਸ ਯੋਜਨਾ ਵਿਚ ਹੋਰ ਵਿਕਾਸ ਮਾਪਦੰਡ ਜਿਵੇਂ ਕਿ ਵਾਤਾਵਰਨ ਵਿਕਾਸ, ਸਮਾਜਿਕ ਸੁਰੱਖਿਆ, ਚੰਗਾ ਸ਼ਾਸਨ ਅਤੇ ਬੁਨਿਆਦੀ ਸਹੂਲਤਾਂ ਅਤੇ ਸੇਵਾਵਾਂ ਦੀ ਉਪਲਬਧਤਾ ਵੀ ਸ਼ਾਮਿਲ ਹੋਵੇਗੀ।

ਮਾਨਵ ਵਿਕਾਸ ਫੰਡ ਵਿਚ ਅਜਿਹੇ ਕਾਰਜ ਸ਼ਾਮਿਲ ਹੋਣਗੇ ਜਿਵੇਂ ਕਿ ਬੁਨਿਆਦੀ ਸਿਹਤ ਸਹੂਲਤਾਂ, ਜਿਨ੍ਹਾਂ ਵਿਚ ਸਿਹਤ ਕਾਰਡ ਅਤੇ ਮੈਡੀਕਲ ਜਾਂਚ ਸ਼ਾਮਿਲ ਹੋਵੇਗੀ, ਕੁੱਲ ਟੀਕਾਕਰਨ, ਲਿੰਗ ਅਨੁਪਾਤ ਬਣਾ ਕੇ ਰੱਖਣਾ, 100 ਪ੍ਰਤਿਸ਼ਤ ਸੰਸਥਾਗਤ ਜਣੇਪਾ ਸਹੂਲਤਾਂ, ਸਭ ਲਈ ਖਾਧ ਖੁਰਾਕ ਦੀ ਪੌਸ਼ਟਿਕਤਾ ਵਧਾਉਣਾ ਜਿਸ ਵਿਚ ਬੱਚਿਆਂ, ਮੁਟਿਆਰਾਂ, ਗਰਭਵਤੀ ਔਰਤਾਂ ਅਤੇ ਦੁੱਧ ਚੁੰਘਾਉਣ ਵਾਲੀਆਂ ਮਾਵਾਂ ਵੱਲ ਵਧੇਰੇ ਤਵੱਜੋ ਦਿਤੀ ਜਾਵੇ, ਅੰਗਹੀਣ ਵਿਅਕਤੀਆਂ ਦੀਆਂ ਵਿਸ਼ੇਸ਼ ਲੋੜਾਂ ਵੱਲ ਵਧੇਰੇ ਧਿਆਨ, ਖ਼ਾਸ ਤੌਰ ਤੇ ਅੰਗਹੀਣ ਬੱਚਿਆਂ ਅਤੇ ਔਰਤਾਂ ਵੱਲ। ਦਸਵੀਂ ਜਮਾਤ ਤਕ ਸਭ ਲਈ ਸਿੱਖਿਆ ਸਹੂਲਤਾਂ ਤਕ ਪਹੁੰਚ, ਸਕੂਲਾਂ ਨੂੰ ਸੂਚਨਾ ਤਕਨਾਲੋਜੀ ਨਾਲ ਲੈਸ ਕਲਾਸ ਰੂਮਾਂ ਵਾਲੇ ਸਮਾਰਟ ਸਕੂਲਾਂ ਵਿਚ ਤਬਦੀਲ ਕਰਨਾ, ਈ-ਲਾਇਬ੍ਰੇਰੀਆਂ, ਵੈੱਬ ਆਧਾਰਤ ਪੜ੍ਹਾਈ ਨਾਲ ਲਾਭ ਵਿਦਿਆਰਥੀਆਂ ਨੂੰ ਈ-ਪੜ੍ਹੇ ਲਿਖੇ ਬਣਾਉਣਾ ਜੋ ਉਨ੍ਹਾਂ ਨੂੰ ਉੱਤਮ ਸਿੱਖਿਆ ਦੇਣ ਲਈ ਜ਼ਰੂਰੀ ਹੈ, ਬਾਲਗ ਵਿੱਦਿਆ, ਈ-ਸਿੱਖਿਆ ਅਤੇ ਈ-ਲਾਇਬ੍ਰੇਰੀਆਂ ਸਮੇਤ ਪਿੰਡਾਂ ਵਿਚ ਲਾਇਬ੍ਰੇਰੀਆਂ ਵੀ ਮਾਨਵ ਵਿਕਾਸ ਸੰਸਥਾ ਦਾ ਹਿੱਸਾ ਹੋਣਗੀਆਂ।

ਸਮਾਜਿਕ ਵਿਕਾਸ ਸੰਸਥਾ ਵਿਚ ਸ਼ਾਮਿਲ ਹੋਣਗੀਆਂ ਪਿੰਡਾਂ ਦੇ ਬਜ਼ੁਰਗਾਂ, ਸਥਾਨਿਕ ਰੋਲ ਮਾਡਲਾਂ ਖ਼ਾਸ ਤੌਰ ਤੇ ਔਰਤਾਂ, ਆਜ਼ਾਦੀ ਦੇ ਘੁਲਾਟੀਆਂ ਅਤੇ ਸ਼ਹੀਦਾਂ ਨੂੰ ਉਚਿਤ ਬਖਸ਼ਣ ਦੀਆਂ ਕਾਰਗੁਜ਼ਾਰੀਆਂ, ਪਿੰਡਾਂ ਨੂੰ ਹਿੰਸਾ ਅਤੇ ਜੁਰਮ ਮੁਕਤ ਬਣਾਉਣ ਦੇ ਕਾਰਜਕ੍ਰਮ ਜਿਵੇਂ ਕਿ (ੳ) ਨਾਗਰਿਕ ਕਮੇਟੀਆਂ ਦੀ ਸਥਾਪਨਾ, (ਅ) ਚੇਤਨਸ਼ੀਲਤਾ ਬਣਾਉਣਾ, ਖ਼ਾਸ ਤੌਰ ਤੇ ਨੌਜਵਾਨਾਂ ਵਿਚ, ਪਿੰਡਾਂ ਵਿਚ ਖੇਡਾਂ ਅਤੇ ਲੋਕ ਕਲਾ ਦੇ ਮੇਲੇ ਲਗਾਉਣਾ ਲੋਕਾਂ ਵਿਚ ਜੋਸ਼ ਭਰਨ ਲਈ ਪਿੰਡ ਦਾ ਗੀਤ ਬਣਾਉਣਾ, 'ਪਿੰਡ ਦਿਵਸ' ਮਨਾਉਣਾ ਅਤੇ ਸਮਾਜਿਕ ਤੌਰ ਤੇ ਛੇਕੇ ਸਮੂਹਾਂ, ਖ਼ਾਸ ਤੌਰ ਤੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਨੂੰ ਸ਼ਾਮਿਲ ਕਰਨਾ ਅਤੇ ਉਨ੍ਹਾਂ ਨਾਲ ਜੋੜ-ਮੇਲ ਸਥਾਪਤ ਕਰਨਾ।

ਆਰਥਿਕ ਵਿਕਾਸ ਵਿਚ ਸ਼ਾਮਿਲ ਹੋਵੇਗਾ ਖੇਤੀਬਾੜੀ ਅਤੇ ਸੰਬੰਧਿਤ ਰੋਜ਼ੀ-ਰੋਟੀ ਖੇਤਰਾਂ ਵਿਚ ਵੰਨ-ਸੁਵੰਨਤਾ ਲਿਆਉਣਾ ਜਿਸ ਵਿਚ ਸਜੀਵੀ ਖੇਤੀਬਾੜੀ ਸਮੇਤ ਪਸ਼ੂ-ਧਨ ਅਤੇ ਬਾਗਬਾਨੀ ਵੀ ਸ਼ਾਮਿਲ ਹੈ, ਧਰਤੀ ਸਿਹਤ ਕਾਰਡ, ਸੰਘਣੀ ਖੇਤੀ ਜਿਵੇਂ ਕਿ ਐੱਸ ਆਰ ਆਈ, ਬੀਜ ਬੈਂਕ ਸਥਾਪਤ ਕਰਨਾ, ਗੈਰ-ਲੱਕੜ ਜੰਗਲ ਉਤਪਾਦਨ, ਅਤੇ ਉਸ ਵਿਚ ਕੀਮਤ ਵਾਧਾ ਕਰਨਾ, ਗੋਬਰ ਬੈਂਕ ਸਮੇਤ ਪਸ਼ੂ-ਧਨ ਵਿਕਾਸ, ਪਸ਼ੂਆਂ ਦਾ ਹੋਸਟਲ, ਸੂਖਮ ਸਿੰਜਾਈ ਅਤੇ ਖੇਤੀਬਾੜੀ ਸੇਵਾ ਕੇਂਦਰ, ਫ਼ਸਲ ਕਟਾਈ ਤੋਂ ਬਾਅਦ ਦੇ ਕਾਰਜਾਂ ਲਈ ਤਕਨਾਲੋਜੀ ਵਿਕਾਸ ਕਰਕੇ ਪੇਂਡੂ ਉਦਯੋਗੀਕਰਨ, ਸੂਖਮ ਅਦਾਰੇ, ਡੇਅਰੀ ਵਿਕਾਸ ਅਤੇ ਪ੍ਰੋਸੈਸਿੰਗ, ਖੁਰਾਕ ਪ੍ਰੋਸੈਸਿੰਗ, ਖੁਰਾਕ ਪ੍ਰੋਸੈਸਿੰਗ ਅਤੇ ਰਵਾਇਤੀ ਉਦਯੋਗ, ਸਭ ਯੋਗ ਨੌਜਵਾਨਾਂ ਦਾ ਖੁਦ ਰੁਜ਼ਗਾਰ ਅਤੇ ਨੌਕਰੀ ਲਈ ਮੁਹਾਰਤ ਵਿਕਾਸ ਅਤੇ ਬਨਸਪਤੀ ਸੈਰਪਸਾਟੇ ਸਮੇਤ ਪੇਂਡੂ ਸੈਰਸਪਾਟੇ ਦੀ ਦੇਖਭਾਲ। ਇਨ੍ਹਾਂ ਯੋਜਨਾਵਾਂ ਦਾ ਸਮੁੱਚਾ ਜ਼ੋਰ ਇਸ ਗੱਲ ਉਪਰ ਹੈ ਕਿ ਇਹ ਸਾਰੇ ਕਾਰਜ ਵਿਸ਼ੇਸ਼ ਰੂਪ ਵਿਚ ਘਰ ਪਰਿਵਾਰਾਂ ਨੂੰ ਗਰੀਬੀ ਵਿਚੋਂ ਬਾਹਰ ਕੱਢਣ ਲਈ ਜ਼ੋਰ ਦੇਣ ਜਿਸ ਲਈ ਔਰਤਾਂ ਦੇ ਸਵੈ ਸੇਵੀ ਗਰੁੱਪਾਂ ਨੂੰ ਸਥਾਪਤ ਕਰਨਾ ਅਤੇ ਉਨ੍ਹਾਂ ਨੂੰ ਜੋੜਨਾ, ਸਭ ਕਿਰਤੀਆਂ ਨੂੰ ਰੁਜ਼ਗਾਰ ਮੁਹੱਈਆ ਕਰਨਾ ਅਤੇ ਵਿੱਤੀ ਸਮਾਵੇਸ਼


ਬਾਕੀ ਸਫ਼ਾ 52 ਉੱਤੇ

# ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਿਤ

## ਸ੍ਰੇਸ਼ਟ, ਰੌਚਕ ਅਤੇ ਗਿਆਨ ਭਰਪੂਰ ਪੁਸਤਕਾਂ




ਪੁਸਤਕ : ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
ਲੇਖਕ : ਕੁਲਦੀਪ ਸਿੰਘ ਧੀਰ
ਪੰਨੇ : 101, ਮੁੱਲ 130 ਰੁਪਏ




ਪੁਸਤਕ : ਭਗਤ ਸਿੰਘ ਅਮਰ ਵਿਦਰੋਹੀ
ਲੇਖਕ : ਮਲਵਿੰਦਰ ਜੀਤ ਸਿੰਘ ਵੜੈਚ
ਪੰਨੇ : 204, ਮੁੱਲ :200 ਰੁਪਏ





ਪੁਸਤਕ : ਧੁੰਗ ਪੁਰਸ਼ ਸਰਦਾਰ ਸਵਰਨ ਸਿੰਘ
ਲੇਖਕ : ਡਾ. ਮੁਹੰਮਦ ਇਦਰੀਸ
ਪੰਨੇ : 190, ਮੁੱਲ : 155 ਰੁਪਏ




ਪੁਸਤਕ : ਗ਼ਦਰ ਪਾਰਟੀ ਲਹਿਰ : ਸੰਖੇਪ ਇਤਿਹਾਸ
ਲੇਖਕ : ਰਜਬੀਰ ਸਿੰਘ
ਪੰਨੇ : 236, ਮੁੱਲ : 165 ਰੁਪਏ




ਪੁਸਤਕ : ਬੱਚਿਆਂ ਦੀਆਂ ਬੀਮਾਰੀਆਂ ਤੇ ਇਲਾਜ
ਲੇਖਕ : ਹਰਜਿੰਦਰ ਕੌਰ
ਪੰਨੇ : 60, ਮੁੱਲ : 70 ਰੁਪਏ




ਪੁਸਤਕ : ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
ਲੇਖਕ : ਤਾਰਾ ਸਿੰਘ ਅਨਜਾਣ
ਪੰਨੇ : 184, ਮੁੱਲ :105 ਰੁਪਏ

### ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉੱਤੇ ਉਪਲਬਧ ਹਨ :

• ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ - 110 003 (ਫ਼ੋਨ-24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ -110 054 (ਫ਼ੋਨ-23890205) • ਕਾਮਰਸ ਹਾਊਸ, ਕਰੀਮਭਾਈ ਰੋਡ, ਬਾਲਾਰਡ ਪਾਇਰ, ਮੁੰਬਈ -400 038 (ਫ਼ੋਨ-22610081) • 8, ਐਸਪਲੇਨੇਡ ਈਸਟ, ਕੋਲਕਾਤਾ - 700 069 (ਫ਼ੋਨ-22488030) • 'ਏ' ਵਿੰਗ, ਰਾਜਾਜੀ ਭਵਨ, ਬੇਸੰਟ ਨਗਰ, ਚੇਨੱਈ - 600 090 (ਫ਼ੋਨ-24917673) • ਪ੍ਰੈੱਸ ਰੋਡ, ਨਿਕਟ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ - 695 001 (ਫ਼ੋਨ-2330650) • ਬਲਾਕ ਨੰ:-4, ਪਹਿਲੀ ਮੰਜ਼ਿਲ, ਗੁਰਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ -500 001 (ਫ਼ੋਨ-24605383) • ਪ੍ਰਥਮ ਤਲ, 'ਐੱਫ' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ - 560 034 (ਫ਼ੋਨ-25537244) • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ -800 004 (ਫ਼ੋਨ-2301823) • ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈਕਟਰ-8, ਅਲੀਗੰਜ, ਲਖਨਊ - 226 024, (ਫ਼ੋਨ-2325455) • ਅੰਬਿਕਾ ਕੰਪਲੈਕਸ, ਪਹਿਲੀ ਮੰਜ਼ਿਲ, ਪਾਲਦੀ, ਅਹਿਮਦਾਬਾਦ -380 007 (ਫ਼ੋਨ-26588669) • ਨੌਜਨ ਰੋਡ, ਉੱਜਾਨ ਬਜ਼ਾਰ, ਗੁਵਾਹਾਟੀ-781 001 (ਫ਼ੋਨ-2516792)

ਪ੍ਰਕਾਸ਼ਨ ਵਿਭਾਗ
ਸੂਚਨਾ ਅਤੇ ਪ੍ਰਸਾਰਣ ਮੰਤਰਾਲਾ
ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003


Printed & Published by Dr. (Ms) Sadhana Rout, Additional Director General & Head on behalf of Publications Division, Soochna Bhawan, C.G.O. Complex, Lodhi Road, New Delhi-110003. Printed at M/s Viba Press Pvt. Ltd., C-66/3, Okhla Industrial Area, Phase-II, New Delhi-110020, Editor : Balbir Madhopuri.